**ਇਹ ਦੇਖਣ ਲਈ ਅੰਦਰ ਦੇਖੋ ਕਿ ਡੈਲਟਾ ਕਿਵੇਂ ਵਧੇਗਾ!**

# ਰਿਹਾਇਸ਼ਾਂ ਸਾਡਾ ਭਵਿੱਖ

## 2024 ਔਫਿਸ਼ਲ ਕਮਿਊਨਟੀ ਪਲੈਨ ਅਪਡੇਟ

Delta

### ਤਿੰਨ ਵੱਡੀਆਂ ਤਬਦੀਲੀਆਂ

ਨਵੀਂ ਓ ਸੀ ਪੀ ਰਿਹਾਇਸ਼ਾਂ ਦੀ ਲੋੜ ਪੂਰੀ ਕਰਨ ਵਿਚ ਮਦਦ ਲਈ ਤਿੰਨ ਵੱਡੀਆਂ ਤਬਦੀਲੀਆਂ ਕਰੇਗੀ। ਇਨ੍ਹਾਂ ਤਬਦੀਲੀਆਂ ਵਿਚ ਸ਼ਾਮਲ ਹਨ:

1. ਮੁੱਖ ਥਾਂਵਾਂ 'ਤੇ ਵਾਧੇ ਵੱਲ ਧਿਆਨ ਦੇਣਾ
2. ਲੈਂਡ ਯੂਜ਼ ਦੀਆਂ ਸ਼੍ਰੇਣੀਆਂ ਨੂੰ ਸਰਲ ਬਣਾਉਣਾ
3. ਛੋਟੇ ਪੱਧਰ ਦੀਆਂ ਮਲਟੀ-ਯੂਨਿਟ ਰਿਹਾਇਸ਼ਾਂ ਦੀ ਆਗਿਆ ਦੇਣਾ

ਡੈਲਟਾ ਸਿਟੀ, ਬੀ ਸੀ ਦੀ ਸਰਕਾਰ ਵਲੋਂ ਆਰਡਰ ਕੀਤੇ ਗਏ ਅਗਲੇ ਪੰਜ ਸਾਲਾਂ ਵਿਚ 3,607 ਨਵੇਂ ਅਤੇ ਅਗਲੇ 20 ਸਾਲਾਂ ਵਿਚ 14,000 ਤੋਂ ਜ਼ਿਆਦਾ ਰਿਹਾਇਸ਼ੀ ਯੂਨਿਟ ਬਣਾਉਣ ਲਈ ਆਪਣੀ ਔਫਿਸ਼ਲ ਕਮਿਊਨਟੀ ਪਲੈਨ ਨੂੰ ਅਪਡੇਟ ਕਰ ਰਿਹਾ ਹੈ। ਇਹ ਤੱਥ ਸ਼ੀਟ ਉਨ੍ਹਾਂ ਮੁੱਖ ਤਬਦੀਲੀਆਂ ਦਾ ਸੰਖੇਪ ਦੱਸਦੀ ਹੈ ਜਿਹੜੀਆਂ ਸਿਟੀ ਵਿਚ ਵਾਧੇ ਨੂੰ ਸੇਧ ਦੇਣ ਲਈ ਤਜਵੀਜ਼ ਕੀਤੀਆਂ ਗਈਆਂ ਹਨ ਅਤੇ ਇਨ੍ਹਾਂ ਵਿਚ ਇਹ ਦਿਖਾਉਣ ਲਈ ਡਰਾਫਟ ਨਕਸ਼ੇ ਸ਼ਾਮਲ ਹਨ ਕਿ ਵਾਧਾ ਕਿੱਥੇ ਅਤੇ ਕਿਵੇਂ ਹੋਵੇਗਾ। ਕਮਿਊਨਟੀ ਨੂੰ ਸਿਟੀ ਦੇ ਸ਼ਮੂਲੀਅਤ ਦੇ ਕਾਰਜ ਰਾਹੀਂ ਨਵੀਂ ਓ ਸੀ ਪੀ ਦੀ ਦਿਸ਼ਾ ਬਾਰੇ ਜ਼ਿਆਦਾ ਜਾਣਨ, ਅਤੇ ਇਹ ਪਤਾ ਲਾਉਣ ਕਿ ਇਸ ਦਾ ਡੈਲਟਾ ਦੇ ਆਂਢ-ਗੁਆਂਢ ਲਈ ਕੀ ਅਰਥ ਹੋਵੇਗਾ, ਅਤੇ ਇਸ ਕੰਮ ਬਾਰੇ ਆਪਣੇ ਵਿਚਾਰ ਦੇਣ ਲਈ ਸੱਦਾ ਦਿੱਤਾ ਜਾਂਦਾ ਹੈ।

### 1 ਮੁੱਖ ਥਾਂਵਾਂ 'ਤੇ ਵਾਧੇ ਵੱਲ ਧਿਆਨ ਦੇਣਾ

ਉਨ੍ਹਾਂ ਇਲਾਕਿਆਂ ਦੀ ਪਛਾਣ ਕੀਤੀ ਗਈ ਹੈ ਜਿਹੜੇ ਟ੍ਰਾਂਜ਼ਿਟ, ਸ਼ੌਪਾਂ, ਸੇਵਾਵਾਂ ਅਤੇ ਬੁਨਿਆਦੀ ਢਾਂਚੇ (ਇਨਫਰਾਸਟਰੱਕਚਰ) ਦੇ ਜ਼ਿਆਦਾ ਨੇੜੇ ਹਨ ਜਿੱਥੇ ਵਾਧਾ ਹੋ ਸਕਦਾ ਹੈ। ਜਿਵੇਂ ਕਿ ਹੇਠਾਂ ਨਕਸ਼ੇ ਵਿਚ ਦਿਖਾਇਆ ਗਿਆ ਹੈ, ਸ਼ਹਿਰੀ ਸੈਂਟਰਾਂ ਅਤੇ ਕੋਰੀਡੋਰਜ਼ (ਮੁੱਖ ਲਾਂਘਿਆਂ) ਕੋਲ ਡੈਨਸਿਟੀ (ਸੰਘਣੇਪਣ) ਵਿਚ ਵਾਧਿਆਂ ਦੀ ਤਜਵੀਜ਼ ਦਿੱਤੀ ਗਈ ਹੈ।




### 2 ਲੈਂਡ ਯੂਜ਼ ਦੀਆਂ ਸ਼੍ਰੇਣੀਆਂ ਨੂੰ ਸਰਲ ਬਣਾਉਣਾ

ਮੌਜੂਦਾ ਓ ਸੀ ਪੀ ਦੀਆਂ 75 ਖਾਸ ਸ਼੍ਰੇਣੀਆਂ ਹਨ। ਇਨ੍ਹਾਂ ਨੂੰ 10 ਸ਼੍ਰੇਣੀਆਂ ਵਿਚ ਵੰਡਣਾ ਡਿਵੈਲਪਮੈਂਟ ਦੇ ਰਾਹ ਵਿਚ ਰੋਕਾਂ ਘਟਾਏਗਾ, ਲਚਕਸ਼ੀਲਤਾ ਵਧਾਏਗਾ, ਅਤੇ ਡਿਵੈਲਪਮੈਂਟ ਦਾ ਕੰਮ ਸਰਲ ਹੋਵੇਗਾ। ਇਹ ਚਾਰਟ ਤਜਵੀਜ਼ ਕੀਤੀਆਂ ਗਈਆਂ ਨਵੀਂਆਂ ਸ਼੍ਰੇਣੀਆਂ ਦਿਖਾਉਂਦਾ ਹੈ।




### 3 ਛੋਟੇ ਪੱਧਰ ਦੀਆਂ ਮਲਟੀ-ਯੂਨਿਟ ਰਿਹਾਇਸ਼ਾਂ ਦੀ ਆਗਿਆ ਦੇਣਾ

ਨਵੀਂ ਓ ਸੀ ਪੀ ਛੋਟੇ ਪੱਧਰ ਦੀਆਂ ਮਲਟੀ-ਯੂਨਿਟ ਰਿਹਾਇਸ਼ਾਂ ਬਣਾਉਣ ਲਈ ਸਿਟੀ ਨੂੰ ਲੋੜੀਂਦਾ ਢਾਂਚਾ ਪ੍ਰਦਾਨ ਕਰੇਗੀ ਜਿਸ ਦੀ ਸੂਬੇ ਦੇ ਤਾਜ਼ਾ ਕਾਨੂੰਨ ਵਿਚ ਮੰਗ ਕੀਤੀ ਗਈ ਹੈ। ਇਹ ਤਬਦੀਲੀਆਂ ਉਨ੍ਹਾਂ ਆਂਢ-ਗੁਆਂਢਾਂ ਉੱਪਰ ਲਾਗੂ ਹੁੰਦੀਆਂ ਹਨ ਜਿਹੜੇ ਰਵਾਇਤੀ ਤੌਰ 'ਤੇ ਸਿੰਗਲ-ਡੀਟੈਚਡ ਰਿਹਾਇਸ਼ਾਂ ਲਈ ਨਿਸ਼ਚਿਤ ਕੀਤੇ ਹੋਏ ਹਨ।

ਓ ਸੀ ਪੀ ਨੂੰ ਅਪਡੇਟ ਕਰਨ ਦੇ ਇਲਾਵਾ, ਸੂਬੇ ਵਲੋਂ ਇਹ ਮੰਗ ਕੀਤੀ ਗਈ ਹੈ ਕਿ ਸਿਟੀ ਇਸ ਉੱਦਮ ਵਿਚ ਮਦਦ ਕਰਨ ਲਈ 30 ਜੂਨ 2024 ਤੱਕ ਜ਼ੋਨਿੰਗ ਬਾਈਲਾਅ ਵਿਚ ਸੋਧਾਂ ਕਰੇ। ਸਾਨੂੰ ਇਸ ਚੀਜ਼ ਬਾਰੇ ਬਹੁਤ ਸਾਰੀ ਪੁੱਛ ਗਿੱਛ ਹੋ ਰਹੀ ਹੈ ਅਤੇ ਸਵਾਲ ਪੁੱਛੇ ਜਾ ਰਹੇ ਹਨ ਕਿ ਛੋਟੇ ਪੱਧਰ ਦੀਆਂ ਮਲਟੀ-ਯੂਨਿਟ ਰਿਹਾਇਸ਼ਾਂ ਨੂੰ ਲਾਗੂ ਕਰਨ ਲਈ ਸਿਟੀ ਤਜਵੀਜ਼ ਕਿਵੇਂ ਦੇ ਰਿਹਾ ਹੈ। ਅੱਗੇ ਦਿੱਤੀਆ ਤਬਦੀਲੀਆਂ 'ਤੇ ਵਿਚਾਰ ਕੀਤੀ ਜਾ ਰਹੀ ਹੈ:

ਫਲੋਰ ਏਰੀਆ ਅਲਾਊਂਸਿਜ਼ ਨਾਲ ਕੋਚ ਹੋਮਜ਼ ਅਤੇ ਗਾਰਡਨ ਸੂਈਟਸ ਦੀ ਵੱਡੇ ਪੱਧਰ 'ਤੇ ਆਗਿਆ ਦੇਣ ਲਈ **ਘਰਾਂ ਦੀਆਂ ਕਿਸਮਾਂ ਵਿਚ ਵਾਧਾ ਕਰਨਾ**

ਲੌਟ ਸਾਈਜ਼ ਦੀਆਂ ਸ਼ਰਤਾਂ ਨੂੰ ਅਪਡੇਟ ਕਰਕੇ **ਡੂਪਲੈਕਸਾਂ ਲਈ ਜ਼ਿਆਦਾ ਮੌਕਿਆਂ** ਦੀ ਆਗਿਆ ਦੇਣਾ।

ਇਹ ਕਰਨ ਲਈ **ਪਾਰਕਿੰਗ ਦੀਆਂ ਸ਼ਰਤਾਂ ਵਿਚ ਸੋਧ ਕਰਨਾ:**

- ਪ੍ਰਤੀ ਯੂਨਿਟ ਪਾਰਕਿੰਗ ਲਈ ਇਕ ਥਾਂ
- ਰੈਪਿਡ ਬੱਸ ਸਟੌਪ ਦੇ 400 ਮੀਟਰਾਂ ਦੇ ਵਿਚ ਵਿਚ ਛੋਟੇ ਸਟੂਡੀਓ ਯੂਨਿਟਾਂ ਜਾਂ ਕਿਸੇ ਵੀ ਯੂਨਿਟਾਂ ਲਈ ਕਿਸੇ ਵੀ ਪਾਰਕਿੰਗ ਦੀ ਮੰਗ ਨਾ ਕਰਨਾ
- ਪਾਰਕਿੰਗ ਦੀਆਂ ਬੰਦ ਥਾਂਵਾਂ ਲਈ ਕੋਈ ਸ਼ਰਤਾਂ ਨਹੀਂ

**ਜ਼ੋਨਿੰਗ ਦੇ ਮਿਆਰ** ਕਾਇਮ ਰੱਖਣਾ ਜਿਵੇਂ ਕਿ ਉਚਾਈ ਅਤੇ ਸੈੱਟਬੈਕਸ।










### ਆਪਣੇ ਵਿਚਾਰ ਦੱਸੋ!

ਡੈਲਟਾ ਵਿਚ ਵਾਧਾ ਹੋ ਰਿਹਾ ਹੈ ਅਤੇ ਵਸਨੀਕਾਂ ਨੂੰ ਇਸ ਗੱਲ ਬਾਰੇ ਆਪਣੇ ਖਿਆਲ ਸਾਂਝੇ ਕਰਨ ਲਈ ਉਤਸ਼ਾਹ ਦਿੱਤਾ ਜਾਂਦਾ ਹੈ ਕਿ ਸਿਟੀ ਕਿਵੇਂ ਕਾਮਯਾਬੀ ਨਾਲ ਵਧ ਸਕਦਾ ਹੈ। ਤੁਸੀਂ ਇਨ੍ਹਾਂ ਪ੍ਰੋਗਰਾਮਾਂ ਵਿੱਚੋਂ ਕਿਸੇ ਵਿਚ ਸ਼ਾਮਲ ਹੋ ਕੇ ਜਾਂ **letstalk.delta.ca** 'ਤੇ ਔਨਲਾਈਨ ਸਮੱਗਰੀ ਦੇਖ ਕੇ ਹਿੱਸਾ ਲੈ ਸਕਦੇ ਹੋ।

- **ਮਾਰਚ 5** ਔਨਲਾਈਨ ਜਾਣਕਾਰੀ ਸੈਸ਼ਨ * – ਸ਼ਾਮ ਦੇ 6 ਵਜੇ ਤੋਂ 7:30 ਵਜੇ ਤੱਕ
- **ਮਾਰਚ 6** ਓਪਨ ਹਾਊਸ – ਸ਼ਾਮ ਦੇ 6 ਵਜੇ ਤੋਂ 8 ਵਜੇ ਤੱਕ ਨੌਰਥ ਡੈਲਟਾ ਰੈਕ ਸੈਂਟਰ ਦੇ ਜਿਮ ਵਿਚ
- **ਮਾਰਚ 7** ਓਪਨ ਹਾਊਸ – ਸ਼ਾਮ ਦੇ 6 ਵਜੇ ਤੋਂ 8 ਵਜੇ ਤੱਕ ਸਾਊਥ ਡੈਲਟਾ ਰੈਕ ਸੈਂਟਰ ਦੇ ਮੇਨ ਹਾਲ ਵਿਚ
- **ਮਾਰਚ 9** ਓਪਨ ਹਾਊਸ – ਸਵੇਰ ਦੇ 10 ਵਜੇ ਤੋਂ 12 ਵਜੇ ਤੱਕ ਲੈਡਨਰ ਕਮਿਊਨਟੀ ਸੈਂਟਰ ਔਡੀਟੋਰੀਅਮ ਵਿਚ
- **ਮਾਰਚ 12** ਪੰਜਾਬੀ ਵਿਚ ਔਨਲਾਈਨ ਜਾਣਕਾਰੀ ਸੈਸ਼ਨ * – ਸ਼ਾਮ ਦੇ 6 ਵਜੇ ਤੋਂ 7:30 ਵਜੇ ਤੱਕ
- **ਮਾਰਚ 14** ਓਪਨ ਹਾਊਸ – ਸ਼ਾਮ ਦੇ 6 ਵਜੇ ਤੋਂ 8 ਵਜੇ ਤੱਕ ਨੌਰਥ ਡੈਲਟਾ ਸੈਂਟਰ ਫਾਰ ਦਿ ਆਰਟਸ

**letstalk.delta.ca/HousingOurFuture 'ਤੇ ਰਜਿਸਟਰੇਸ਼ਨ ਕਰਨ ਦੀ ਲੋੜ ਹੈ*

ਜ਼ਿਆਦਾ ਜਾਣਕਾਰੀ ਅਤੇ ਹਿੱਸਾ ਲੈਣ ਲਈ ***letstalk.delta.ca/HousingOurFuture*** 'ਤੇ ਜਾਉ।
ਸਾਡੇ ਨਾਲ 604-946-3380 'ਤੇ ਸੰਪਰਕ ਕਰੋ ਜਾਂ **DeltaOCPUpdate@delta.ca** 'ਤੇ ਈਮੇਲ ਕਰੋ।

Delta